BRAMPTON Service and Information Update

19 ਅਪ੍ਰੈਲ, 2023

# ਮੋਬਾਈਲ ਬਿਜਨੇਸ ਰਿਨਿਊਲਸ ਅਤੇ ਲਾਇਸੈਂਸਿੰਗ ਹੁਣ ਔਨਲਾਈਨ ਉਪਲਬਧ ਹੈ

ਬ੍ਰੈਂਪਟਨ, ਓਨਟੈਰੀਓ – ਮੋਬਾਈਲ ਬਿਜਨੇਸ ਡ੍ਰਾਈਵਰ ਅਤੇ ਓਪਰੇਟਰ, ਹੁਣ ਆਪਣੇ ਲਾਇਸੈਂਸ ਅਤੇ ਵਾਹਨ ਪਲੇਟਾਂ ਲਈ ਔਨਲਾਈਨ, ਅਪਲਾਈ ਅਤੇ ਰਿਨਿਊ ਕਰ ਸਕਦੇ ਹਨ।

ਸਿਟੀ ਆਫ ਬ੍ਰੈਂਪਟਨ, ਹਰ ਸਾਲ ਲਗਭਗ 1,500 ਡ੍ਰਾਈਵਰ/ਓਪਰੇਟਰ ਲਾਇਸੈਂਸ ਜਾਰੀ ਕਰਦੀ ਹੈ ਜਾਂ ਇਹਨਾਂ ਲਈ ਲਾਇਸੈਂਸ ਰਿਨਿਊ ਕਰਦੀ ਹੈ ਅਤੇ ਹਰ ਸਾਲ ਲਗਭਗ 1,200 ਵਾਹਨਾਂ ਲਈ ਵਾਹਨ ਪਲੇਟਾਂ ਜਾਰੀ ਜਾਂ ਰਿਨਿਊ ਕਰਦੀ ਹੈ।

ਇਸ ਵੇਲੇ ਹੇਠਾਂ ਦਿੱਤੇ ਮੋਬਾਈਲ ਬਿਜਨੇਸਾਂ ਲਈ, ਸਿਟੀ ਆਫ ਬ੍ਰੈਂਪਟਨ ਦੇ ਅੰਦਰ ਕੰਮ ਕਰਨ ਲਈ ਲਾਇਸੈਂਸ ਅਤੇ ਵਾਹਨ ਪਲੇਟ ਜ਼ਰੂਰੀ ਹੈ:

- ਲਿਮੋਜੀਨ
- ਟੋ ਟਰੱਕ
- ਡ੍ਰਾਈਵਿੰਗ ਸਕੂਲ ਵਾਹਨ
- ਟੈਕਸੀ
- ਰਿਫਰੈਸ਼ਮੈਂਟ ਵਾਹਨ

ਲਾਇਸੈਂਸਿੰਗ ਐਨਫੋਰਸਮੈਂਟ (Licensing Enforcement) ਟੀਮ, ਲਾਇਸੈਂਸ ਜਾਰੀ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਉਂਦੀ ਹੈ ਕਿ ਵਾਹਨ ਅਤੇ ਡ੍ਰਾਈਵਰ ਸਿਟੀ ਦੇ ਮੋਬਾਈਲ ਲਾਇਸੈਂਸਿੰਗ ਬਾਇ-ਲਾਅ (Mobile Licensing By-Law) ਦੇ ਹੇਠ ਯੋਗਤਾਵਾਂ ਪੂਰੀਆਂ ਕਰਦੇ ਹਨ। ਇਹਨਾਂ ਵਿੱਚ ਸ਼ਾਮਲ ਹਨ, ਮੋਟਰ ਵਾਹਨ ਸੁਰੱਖਿਆ ਮੁਆਇਨੇ, ਅਪਰਾਧਿਕ/ਐਮ.ਟੀ.ਓ. (MTO) ਜਾਂਚਾਂ ਅਤੇ ਬੀਮਾ।

ਮੋਬਾਈਲ ਡ੍ਰਾਈਵਰ/ਓਪਰੇਟਰ ਲਾਇਸੈਂਸ ਅਤੇ ਵਾਹਨ ਪਲੇਟਾਂ, ਮੋਬਾਈਲ ਲਾਇਸੈਂਸਿੰਗ ਬਾਇ-ਲਾਅ 67-2014 (Mobile Licensing By-law 67-2014) ਦੇ ਅਨੁਪਾਲਣ ਨੂੰ ਯਕੀਨੀ ਬਣਾਉਣ ਲਈ ਜਾਰੀ ਕੀਤੀਆਂ ਜਾਂਦੀਆਂ ਹਨ।

ਲਾਇਸੈਂਸਾਂ ਅਤੇ ਵਾਹਨ ਪਲੇਟਾਂ ਅਤੇ ਰਿਨਿਊਲਸ ਵਾਸਤੇ ਬੇਨਤੀਆਂ ਹੁਣ, ਸਿਰਫ ਔਨਲਾਈਨ ਅਰਜ਼ੀ ਪ੍ਰਕਿਰਿਆ ਦੇ ਦੁਆਰਾ ਹੀ ਸਵੀਕਾਰ ਕੀਤੀਆਂ ਜਾਣਗੀਆਂ। ਜਿਹਨਾਂ ਵਸਨੀਕਾਂ ਦੀ ਕੰਪਿਊਟਰ ਤੱਕ ਪਹੁੰਚ ਨਹੀਂ ਹੈ, ਉਹਨਾਂ ਵਾਸਤੇ ਕਿਓਸਕ, ਫਲਾਵਰ ਸਿਟੀ ਕਮਿਉਨਿਟੀ ਕੈਂਪਸ (Flower City Community Campus) (8850 ਮੈਕਲੌਗਲਿਨ ਰੋਡ ਸਾਊਥ, ਯੂਨਿਟ 2, ਬ੍ਰੈਂਪਟਨ ਓਨਟੈਰੀਓ L6Y 5T1) (8850 McLaughlin Road South, Unit 2, Brampton ON L6Y 5T1) ਵਿਖੇ ਉਪਲਬਧ ਹਨ।

ਲਾਇਸੈਂਸ ਵਾਸਤੇ ਅਪਲਾਈ ਜਾਂ ਇਸਨੂੰ ਰਿਨਿਊ ਕਰਨ ਲਈ, ਇੱਥੇ ਜਾਓ: eForm (brampton.ca)

ਵਾਹਨ ਪਲੇਟਾਂ ਵਾਸਤੇ ਅਪਲਾਈ ਜਾਂ ਇਹਨਾਂ ਨੂੰ ਰਿਨਿਊ ਕਰਨ ਲਈ, ਇੱਥੇ ਜਾਓ: eForm (brampton.ca)

-30-

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca